بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਜੰਗ ਹਮਰਾਉੱਲ ਅਸਦ ਦੇ ਹਵਾਲੇ ਨਾਲ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਜੀਵਨੀ ਅਤੇ ਸਹਾਬਾ ਦੇ ਇਸ਼ਕ, ਵਫ਼ਾ ਅਤੇ ਸ਼ਰਧਾ ਭਰਪੂਰ ਕੁਰਬਾਨੀਆਂ ਦਾ ਜ਼ਿਕਰ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ ਅੱਯਾਦਹੁੱਲਾਹ ਤਆਲਾ ਬੇਨਸਰਹਿਲ ਅਜ਼ੀਜ਼, **26 ਅਪ੍ਰੈਲ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ,ਯੂ.ਕੇ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ اَمَّا بَعۡدُ فَاَعُوۡذُ بِاللّٰهِ مِنَ الشَّيۡطٰنِ الرَّجِيۡمِ ۔ بِسۡمِ اللّٰهِ الرَّحۡمٰنِ الرَّحِيۡمِ ۔ اَلۡحَمۡدُ لِلّٰهِ رَبِّ الۡعٰلَمِيۡنَ ۔ الرَّحۡمٰنِ الرَّحِيۡمِ ۔ مٰلِكِ يَوۡمِ الدِّيۡنِ ۔ اِيَّاكَ نَعۡبُدُ وَاِيَّاكَ نَسۡتَعِيۡنُ ۔ اِهۡدِنَا الصِّرَاطَ الۡمُسۡتَقِيۡمَ ۔ صِرَاطَ الَّذِيۡنَ اَنۡعَمۡتَ عَلَيۡهِمۡ ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ●

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਜੰਗ ਹਮਰਾਉੱਲ ਅਸਦ ਦਾ ਕਾਰਨ ਅਤੇ ਉਸ ਦਾ ਪਿਛੋਕੜ ਪਿੱਛਲੇ ਖ਼ੁਤਬੇ ਵਿੱਚ ਬਿਆਨ ਹੋਇਆ ਸੀ। ਜੱਦ ਓਹਦ ਦੀ ਜੰਗ ਦੇ ਬਾਦ, ਵਿਰੋਧੀ ਧਿਰ ਦਾ ਰਾਸਤੇ ਤੋਂ ਪਰਤ ਕੇ ਮਦੀਨਾ ਉੱਤੇ ਹਮਲਾ ਕਰਨ ਦੀ ਸਾਜ਼ਿਸ਼ ਦਾ ਇਲਮ ਹੋਇਆ ਤਾਂ ਉਸ ਉੱਤੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੂੰ ਸੱਦਿਆ ਅਤੇ ਉਹਨਾਂ ਨੇ ਕਿਹਾ ਕਿ ਹੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਵਿਰੋਧੀ ਵੱਲ੍ਹ ਵੱਧੋ ਤਾਂ ਕਿ ਉਹ ਸਾਡੇ ਬੱਚਿਆਂ ਉੱਤੇ ਹਮਲਾ ਨ ਕਰ ਸਕਣ। ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਸਵੇਰ ਦੀ ਨਮਾਜ਼ ਦੇ ਬਾਦ ਲੋਕਾਂ ਨੂੰ ਸੱਦਿਆ ਅਤੇ ਹਜ਼ਰਤ ਬਿਲਾਲ ਰਜ਼ੀ ਅੱਲਾਹ ਅੰਨਹੁ ਨੂੰ ਐਲਾਨ ਕਰਨ ਨੂੰ ਕਿਹਾ ਕਿ ਵਿਰੋਧੀ ਦੇ ਖ਼ਿਲਾਫ਼ ਨਿਕਲੋ ਅਤੇ ਸਾਡੇ ਨਾਲ ਉਹੀ ਨਿਕਲੇ, ਜੋ ਪਿੱਛਲੇ ਦਿਨ ਓਹਦ ਦੀ ਲੜ੍ਹਾਈ ਵਿੱਚ ਸ਼ਾਮਿਲ ਸਨ। ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਨੇ ਆਪਣਾ ਝੰਡਾ ਮੰਗਵਾਇਆ ਅਤੇ ਉਹ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੂੰ ਫ਼ੜ੍ਹਾ ਦਿੱਤਾ। ਇੱਕ ਥਾਂ ਇਹ ਵੀ ਬਿਆਨ ਹੋਇਆ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅੱਲਾਹ ਅੰਨਹੁ ਨੂੰ ਫੜ੍ਹਾਇਆ ਸੀ। ਇਸ ਮੌਕੇ ਉੱਤੇ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਇਬਨੇ ਉੱਮੇ ਮਕਤੂਮ ਰਜ਼ੀ ਅੱਲਾਹ ਅੰਨਹੁ ਨੂੰ ਮਦੀਨਾ ਵਿੱਚ ਆਪਣਾ ਨਾਇਬ ਬਣਾਇਆ ਸੀ।

ਜੀਵਨੀਕਾਰ ਲਿੱਖਦੇ ਹਨ ਕਿ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਦਾ ਵਿਰੋਧੀ ਦੇ ਪਿੱਛੇ ਨਿਕਲਣ ਦਾ ਫ਼ੈਸਲਾ ਬਹੁਤ ਅਕਲਮੰਦੀ ਵਾਲਾ ਸੀ। ਵਿਸਥਾਰ ਵਿੱਚ ਬਿਆਨ ਹੋਇਆ ਹੈ ਕਿ ਮੁਨਾਫ਼ਿਕਾਂ ਦੇ ਨਜ਼ਦੀਕ ਬਿਨਾਂ ਵਾਧੂ ਮਦਦ ਦੇ ਜਾਣਾ ਬਹੁਤ ਖ਼ਤਰਨਾਕ ਸੀ। ਪਰ ਬਾਦ ਦੇ ਹਾਲਾਤ ਨੇ ਸਾਬਤ ਕਰ ਦਿੱਤਾ ਕਿ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਦਾ ਫ਼ੈਸਲਾ ਬਹੁਤ ਅਕਲਮੰਦੀ ਵਾਲਾ ਸੀ। ਜਿਸ ਨਾਲ ਮੁਸਲਮਾਨਾਂ ਨੂੰ ਬਹੁਤ ਲਾਭ ਹੋਇਆ। ਇਸ ਫ਼ੈਸਲੇ ਨੇ ਮੁਸਲਮਾਨਾਂ ਦੇ ਹੌਂਸਲੇ ਨੂੰ ਹੋਰ ਬੁਲੰਦ ਕਰ ਦਿੱਤਾ ਅਤੇ ਮੁਨਾਫ਼ਿਕਾਂ ਦੇ ਦਿਲ੍ਹ ਉੱਤੇ ਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਦੇ ਬੁਲੰਦ ਹੌਂਸਲੇ ਅਤੇ ਪੱਕੇ ਯਕੀਨ ਦਾ ਖ਼ੌਫ਼ ਬਹਿ ਗਿਆ। ਤੀਜੇ ਪਾਸੇ ਜੱਦ ਵਿਰੋਧੀ ਨੂੰ ਖ਼ਬਰ ਮਿਲੀ ਕਿ ਇਸਲਾਮੀ ਲਸ਼ਕਰ ਉਹਨਾਂ ਦੇ ਪਿੱਛੇ ਹੈ ਤਾਂ ਉਹਨਾਂ ਦੇ ਹੌਂਸਲਿਆਂ ਦੇ ਟਿਮਟਿਮਾਉਂਦੇ ਚਿਰਾਗ਼ ਬੁੱਝਣ ਲੱਗੇ। ਇਸ ਮੌਕੇ ਉੱਤੇ ਮੁਨਾਫ਼ਿਕਾਂ ਦੇ ਸਰਦਾਰ ਅਬਦੁੱਲਾਹ ਬਿਨ ਉਬੱਯੀ ਨੇ ਵੀ ਨਾਲ ਜਾਣ ਦੀ ਆਗਿਆ ਮੰਗੀ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਸ ਨੂੰ ਆਗਿਆ ਨਹੀਂ ਦਿੱਤੀ।

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਐਲਾਨ ਦੇ ਬਾਦ ਜ਼ਖ਼ਮੀ ਸਹਾਬਾ ਰਜ਼ੀ ਅੱਲਾਹ ਅੰਨਹੁਮਾ ਦੇ ਇਸ਼ਕ ਅਤੇ ਵਫ਼ਾ ਦਾ ਇਹ ਹਾਲ ਸੀ ਕਿ ਉਹ ਆਪਣੇ ਜ਼ਖ਼ਮਾਂ ਨੂੰ ਸਾਂਭਦੇ ਹੋਏ ਆਪਣੇ ਹਥਿਆਰਾਂ ਨੂੰ ਲੈ ਕੇ ਇੱਕ ਵਾਰ ਫ਼ਿਰ ਛੇਤੀ ਨਾਲ ਨਿਕਲੇ। ਹਜ਼ਰਤ ਉਸੈਦ ਬਿਨ ਹੁਜ਼ੈਰ ਰਜ਼ੀ ਅੱਲਾਹ ਅੰਨਹੁ ਨੂੰ 09 ਜ਼ਖ਼ਮ ਲੱਗੇ ਸਨ। ਉਹਨਾਂ ਨੇ ਹਾਲੇ ਦਵਾਈ ਲਾਉਣ ਦਾ ਇਰਾਦ ਹੀ ਕੀਤਾ ਸੀ ਕਿ ਕੰਨਾਂ ਵਿੱਚ ਆਵਾਜ਼ ਪੈਂਦੇ ਹੀ ਜ਼ਖ਼ਮਾਂ ਉੱਤੇ ਦਵਾਈ ਲਾਉਣ ਲਈ ਵੀ ਨ ਰੁਕੇ ਅਤੇ ਤੁਰ ਪਏ। ਬਨੂ ਸਲਮਾ ਤੋਂ 40 ਜ਼ਖ਼ਮੀ ਨਿਕਲੇ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਨੂੰ ਅਜਿਹੀ ਹਾਲਤ ਵਿੱਚ ਵੀ ਆਗਿਆ ਪਾਲਣ ਕਰਦੇ ਵੇਖ ਕੇ ਉਹਨਾਂ ਲਈ ਦੁਆ ਕੀਤੀ। ਤੁਫ਼ੈਲ ਬਿਨ ਨੁਅਮਾਨ ਰਜ਼ੀ ਅੱਲਾਹ ਅੰਨਹੁ ਨੂੰ 13, ਖ਼ਰਾਸ਼ ਬਿਨ ਅੱਸਮਤਾ ਨੂੰ 10, ਕਾਅਬ ਬਿਨ ਮਾਲਿਕ ਨੂੰ 10 ਤੋਂ ਵੱਧ ਅਤੇ ਕੁਤਬਾ ਬਿਨ ਆਮਿਰ ਨੂੰ 09 ਜ਼ਖ਼ਮ ਲੱਗੇ ਸਨ। ਪਰ ਉਸ ਦੇ ਬਾਦ ਵੀ ਮੁਸਲਮਾਨ ਆਪਣੇ ਹਥਿਆਰਾਂ ਵੱਲ੍ਹ ਦੌੜ੍ਹੇ ਅਤੇ ਆਪਣੇ ਜ਼ਖ਼ਮਾਂ ਉੱਤੇ ਮਰਹਮ ਲਾਉਣ ਲਈ ਨਹੀਂ ਰੁਕੇ। ਰੱਬ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸਹਾਬੀਆਂ ਦੇ ਇਸੇ ਅਸਧਾਰਨ ਜਜ਼ਬੇ ਨੂੰ ਆਪਣੇ ਕਲਾਮ ਵਿੱਚ ਦਰਜ ਕਰ ਦਿੱਤਾ ਤਾਂ ਕਿ ਰਹਿੰਦੀ ਦੁਨੀਆਂ ਤੱਕ ਉਹਨਾਂ ਉੱਤੇ ਸ਼ਰਧਾਂ ਦੇ ਫ਼ੁੱਲ਼ ਨਿਛਾਵਰ ਹੁੰਦੇ ਰਹਿਣ। ਰੱਬ ਫ਼ਰਮਾਉਂਦਾ ਹੈ ਕਿ ਉਹ ਲੋਕ ਜਿੰਨ੍ਹਾਂ ਨੇ ਰੱਬ ਅਤੇ ਰਸੂਲ ਨੂੰ ਲਬੈਕ ਕਿਹਾ। ਇਸ ਦੇ ਬਾਦ ਕਿ ਉਹਨਾਂ ਨੂੰ ਜ਼ਖ਼ਮ ਪਹੁੰਚ ਚੁੱਕੇ ਸਨ। ਉਹਨਾਂ ਵਿੱਚੋਂ, ਉਹਨਾਂ ਲੋਕਾਂ ਲਈ ਜਿੰਨ੍ਹਾਂ ਨੇ ਕਿਰਪਾ ਕੀਤੀ ਅਤੇ ਸੰਜਮਤਾ ਧਾਰਨ ਕੀਤੀ, ਬਹੁਤ ਵੱਡਾ ਬਦਲਾ ਹੈ।

ਇਸ ਮੁਹਿਮ ਵਿੱਚ ਇੱਕ ਸ਼ਰਧਾਵਾਨ ਸਹਾਬੀ ਹਜ਼ਰਤ ਜਾਬਰ ਬਿਨ ਅਬਦੁੱਲਾਹ ਰਜ਼ੀ ਅੱਲਾਹ ਅੰਨਹੁ ਅਜਿਹੇ ਸਨ। ਜੋ ਜੰਗੇ ਓਹਦ ਵਿੱਚ ਆਪਣੇ ਬਾਪ ਦੀ ਆਗਿਆ ਪਾਲਣ ਵਿੱਚ ਆਪਣੀਆਂ 09 ਭੈਣਾਂ ਕੋਲ੍ਹ ਰੁੱਕਣ ਕਰਕੇ ਸ਼ਾਮਿਲ ਨਹੀਂ ਹੋ ਸਕੇ ਸਨ। ਜਿਸ ਦਾ ਵਿਸਥਾਰ ਉਹਨਾਂ ਨੇ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਦੱਸਿਆ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਦੇ ਇਸ਼ਕ ਅਤੇ ਮੁਹੱਬਤ ਵਿੱਚ ਡੁੱਬੇ ਵਿਸਥਾਰ ਨੂੰ ਸੁਣ ਕੇ ਉਹਨਾਂ ਨੂੰ ਆਗਿਆ ਦੇ ਦਿੱਤੀ।

ਇਸ ਮੁਹਿਮ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਇਸ ਹਾਲ ਵਿੱਚ ਨਿਕਲੇ ਕਿ ਚਿਹਰਾ ਜ਼ਖ਼ਮੀ ਸੀ, ਦੰਦ ਟੁੱਟ ਗਏ ਸਨ, ਦੋਵੇਂ ਬੁੱਲ ਅੰਦਰੋਂ ਜ਼ਖ਼ਮੀ ਸਨ, ਸੱਜਾ ਮੋਡਾ ਅਤੇ ਦੋਵੇਂ ਗੋਡੇ ਵੀ ਜ਼ਖ਼ਮੀ ਸਨ। ਹਜ਼ਰਤ ਤਲਹਾ ਰਜ਼ੀ ਅੱਲਾਹ ਅੰਨਹੁ ਜਿੰਨ੍ਹਾਂ ਦੇ ਸ਼ਰੀਰ ਉੱਤੇ 70 ਤੋਂ ਵੱਧ ਜ਼ਖ਼ਮ ਸਨ। ਬਿਆਨ ਕਰਦੇ ਹਨ ਕਿ ਮੈਂ ਆਪਣੇ ਜ਼ਖ਼ਮਾਂ ਤੋਂ ਵੱਧ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮਾਂ ਸੰਬੰਧੀ ਵੱਧ ਚਿੰਤਾ ਵਿੱਚ ਸੀ। ਇੱਕ ਸਾਖੀ ਅਨੁਸਾਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਨੂੰ ਫ਼ਰਮਾਇਆ ਕਿ ਅੱਗੇ ਤੋਂ ਕਦੇ ਵੀ ਕੁਰੈਸ਼ ਸਾਡੇ ਨਾਲ ਅਜਿਹਾ ਮਾਮਲਾ ਨਹੀਂ ਕਰ ਸਕਣਗੇ।

ਇਹ ਜੰਗ ਵਿੱਚ ਦੋ ਅਨੰਸਾਰੀ ਭਰਾਵਾਂ ਹਜ਼ਰਤ ਅਬਦੁੱਲਾਹ ਬਿਨ ਸਹਿਲ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਰਾਫ਼ੇ ਬਿਨ ਸਹਿਲ ਰਜ਼ੀ ਅੱਲਾਹ ਅੰਨਹੁ ਦਾ ਆਗਿਆ ਪਾਲਣ ਦਾ ਨਮੂਨਾ ਵੀ ਨਜ਼ਰ ਆਉਂਦਾ ਹੈ। ਜਿਨ੍ਹਾਂ ਨੇ ਜ਼ਖ਼ਮੀ ਹਾਲਤ ਵਿੱਚ ਪੈਦਲ ਸਫ਼ਰ ਕੀਤਾ। ਇਸ ਦੇ ਵਿਸਥਾਰ ਵਿੱਚ ਆਉਂਦਾ ਹੈ ਕਿ ਜੱਦ ਉਹ ਦੋਵੇਂ ਜੰਗੇ ਓਹਦ ਤੋਂ ਪਰਤੇ ਤਾਂ ਉਹ ਬਹੁਤ ਜ਼ਖ਼ਮੀ ਸਨ। ਜੱਦ ਉਹਨਾਂ ਭਰਾਵਾਂ ਨੇ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਦਾ ਹਮਰਾਉੱਲ ਅਸਦ ਵਿੱਚ ਸ਼ਾਮਿਲ ਹੋਣ ਸੰਬੰਧੀ ਆਦੇਸ਼ ਸੁਣਿਆ ਤਾਂ ਉਹਨਾਂ ਵਿੱਚੋਂ ਇੱਕ ਨੇ ਦੂਜੇ ਨੂੰ ਕਿਹਾ ਕਿ ਰੱਬ ਦੀ ਸੌਂਹ ਜੇਕਰ ਅਸੀਂ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਦੇ ਨਾਲ ਜੰਗ ਵਿੱਚ ਸ਼ਾਮਿਲ ਨ ਹੋ ਸਕੇ ਤਾਂ ਇਹ

ਇੱਕ ਵੱਡੀ ਮਹਿਰੂਮੀ ਹੋਵੇਗੀ। ਫ਼ਿਰ ਕਹਿਣ ਲੱਗਿਆ ਰੱਬ ਦੀ ਸੌਂਹ ਸਾਡੇ ਕੋਲ਼ ਸਵਾਰੀ ਨਹੀਂ ਹੈ। ਜਿਸ ਉੱਤੇ ਅਸੀਂ ਸਵਾਰ ਹੋਈਏ ਅਤੇ ਨ ਹੀ ਅਸੀਂ ਜਾਣਦੇ ਹਾਂ ਕਿ ਕਿਵੇਂ ਇਹ ਕੰਮ ਕਰੀਏ। ਹਜ਼ਰਤ ਅਬਦੁੱਲਾਹ ਨੇ ਕਿਹਾ ਕਿ ਆਓ ਮੇਰੇ ਨਾਲ ਅਸੀਂ ਪੈਦਲ ਤੁਰਨੇ ਆ। ਹਜ਼ਰਤ ਰਾਫ਼ੇ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਰੱਬ ਦੀ ਕਸਮ ਮੇਰੇ ਵਿੱਚ ਤਾਂ ਜ਼ਖ਼ਮਾਂ ਕਰਕੇ ਤੁਰਨ ਦੀ ਹਿੰਮਤ ਵੀ ਨਹੀਂ ਹੈ। ਆਪ ਦੇ ਭਰਾ ਨੇ ਕਿਹਾ ਕਿ ਆਓ ਅਸੀਂ ਹੌਲੀ ਹੌਲੀ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਕੋਲ਼ ਪਹੁੰਚਣੇ ਆ। ਸੋ, ਉਹ ਦੋਵੇਂ ਡਿੱਗਦੇ ਡਿੱਗਦੇ ਤੁਰਨ ਲੱਗੇ। ਅਜਿਹੀ ਹਾਲਤ ਸੀ ਕਿ ਦੋਵੇਂ ਹੀ ਜ਼ਖ਼ਮੀ ਸਨ। ਪਰ ਜੋ ਚੰਗਾ ਸੀ, ਉਹ ਦੂਜੇ ਜ਼ਖ਼ਮੀ ਨੂੰ ਆਪਣੀ ਪਿੱਠ ਉੱਤੇ ਚੁੱਕ ਲੈਂਦਾ ਸੀ। ਪਰ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਵੱਲ਼ ਤੁਰਦੇ ਰਹੇ। ਕਮਜ਼ੋਰੀ ਕਰਕੇ ਕਈ ਵਾਰ ਅਜਿਹੀ ਹਾਲਤ ਹੁੰਦੀ ਸੀ ਕਿ ਉਹ ਹਰਕਤ ਵੀ ਨਹੀਂ ਕਰ ਸਕਦੇ ਸਨ। ਇੱਥੇ ਤੱਕ ਕਿ ਇਸ਼ਾ ਦੇ ਸਮੇਂ ਉਹ ਦੋਵੇਂ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਸਹਾਬੀਆਂ ਨੇ ਉਸ ਸਮੇਂ ਤੱਕ ਢੇਰਾ ਲਾ ਲਿਆ ਸੀ ਅਤੇ ਅੱਗ ਬਾਲ ਰਹੇ ਸਨ। ਆਪ ਦੋਵਾਂ ਨੂੰ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਦੀ ਸੇਵਾ ਵਿੱਚ ਪੈਸ਼ ਕੀਤਾ ਗਿਆ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਹਨਾਂ ਦੋਵਾਂ ਨੂੰ ਪੁੱਛਿਆ ਕਿ ਕਿਸ ਚੀਜ਼ ਨੇ ਤੁਹਾਨੂੰ ਰੋਕ ਰੱਖਿਆ ਸੀ। ਉਹਨਾਂ ਦੋਵਾਂ ਨੇ ਇਸ ਦਾ ਕਾਰਨ ਅਤੇ ਵਿਸਥਾਰ ਦੱਸਿਆ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਭਲਾਈ ਦੀ ਦੁਆ ਦਿੰਦੇ ਹੋਏ ਫ਼ਰਮਾਇਆ ਕਿ ਜੇਕਰ ਤੁਹਾਨੂੰ ਲੰਮੀ ਉਮਰ ਮਿਲੀ ਤਾਂ ਤੁਸੀਂ ਵੇਖੋਗੇ ਕਿ ਤੁਹਾਨੂੰ ਘੋੜ੍ਹੇ, ਖ਼ੱਚਰ ਅਤੇ ਊਂਠ ਸਵਾਰੀਆਂ ਵੱਜੋਂ ਮਿਲਣਗੇ। ਪਰ ਉਹ ਤੁਹਾਡੇ ਦੋਵਾਂ ਲਈ ਇਸ ਸਫ਼ਰ ਤੋਂ ਚੰਗੇ ਨਹੀਂ ਹੋਣਗੇ। ਜੋ ਸਫ਼ਰ ਇਸ ਸਮੇਂ ਤੁਸੀਂ ਪੈਦਲ ਡਿੱਗਦੇ ਡਿੱਗਦੇ ਕੀਤਾ ਹੈ। ਅਰਥਾਤ ਤੁਹਾਡੇ ਸਫ਼ਰ ਦਾ ਪੁੰਨ ਉਸ ਜ਼ਮਾਨੇ ਦੀ ਚੰਗੀ ਨਿਅਮਤਾਂ ਤੋਂ ਵੀ ਵੱਧ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਕਿੱਸਾ ਹਜ਼ਰਤ ਅਨਸ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਮੋਨਿਸ ਫ਼ੁਜ਼ਾਲਾ ਦੇ ਨਾਲ ਪੈਸ਼ ਆਇਆ ਸੀ। ਸੰਭਵ ਹੈ ਕਿ ਇਹ ਕਿੱਸਾ ਦੋਵਾਂ ਨਾਲ ਹੀ ਪੈਸ਼ ਆਇਆ ਹੋਵੇ।

ਹਜ਼ਰਤ ਜਾਬਰ ਬਿਨ ਅਬਦੁੱਲਾਹ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਇਸ ਜੰਗ ਵਿੱਚ ਸਾਡਾ ਖਾਣਾ ਖਜੂਰਾਂ ਸਨ। ਹਜ਼ਰਤ ਸਾਅਦ ਬਿਨ ਅਬਾਦਹ ਰਜ਼ੀ ਅੱਲਾਹ ਅੰਨਹੁ 30 ਊਂਠਾਂ ਅਤੇ ਖਜੂਰਾਂ ਲੈ ਕੇ ਆਏ। ਜੋ ਹਮਰਾਉੱਲ ਅਸਦ ਤੱਕ ਸਾਡੇ ਲਈ ਕਾਫ਼ੀ ਸਨ। ਕਈ ਵਾਰ ਊਂਠਾਂ ਦਾ ਮੀਟ ਵੀ ਖਾਂਦੇ ਸਨ। ਰਾਤ ਦੇ ਸਮੇਂ ਬਹੁਤ ਸਾਰੇ ਅੱਗੇ ਦੇ ਅਲਾਓ ਰੌਸ਼ਨ ਕੀਤੇ ਜਾਂਦੇ ਤਾਂ ਕਿ ਵੱਡਾ ਲਸ਼ਕਰ ਮਹਿਸੂਸ ਹੋਵੇ ਅਤੇ ਵਿਰੋਧ ਡਰੇ।

ਇਸੇ ਦੌਰਾਨ ਮਾਅਬਦ ਬਿਨ ਅਬੂ ਮਾਅਬਦ ਖ਼ਜ਼ਾਈ ਦਾ ਵੀ ਜ਼ਿਕਰ ਆਉਂਦਾ ਹੈ ਕਿ ਉਹ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਮਿਲਿਆ ਅਤੇ ਕੁਰੈਸ਼ ਨੂੰ ਵੀ ਇਸਲਾਮੀ ਲਸ਼ਕਰ ਤੋਂ ਭੈਭੀਤ ਕੀਤਾ। ਇਹ ਹਾਲੇ ਤੱਕ ਮੁਸ਼ਰਿਕ ਦਵੈਤਵਾਦੀ ਸੀ। ਉਸ ਨੇ ਅਬੂ ਸੁਫ਼ਯਾਨ ਦੇ ਸਾਮ੍ਹਣੇ ਇਸਲਾਮੀ ਲਸ਼ਕਰ ਦਾ ਵਧਾ ਚੜ੍ਹਾ ਕੇ ਅਜਿਹਾ ਨਕਸ਼ਾ ਖਿੱਚਿਆ ਕਿ ਅਬੂ ਸੁਫ਼ਯਾਨ ਅਤੇ ਉਸ ਦੇ ਸਾਥੀਆਂ ਦੇ ਹੌਂਸਲੇ ਟੁੱਟ ਗਏ ਅਤੇ ਉਹਨਾਂ ਉੱਤੇ ਘਬਰਾਹਟ ਅਤੇ ਰੋਹਬ ਪੈ ਗਿਆ ਅਤੇ ਅਬੂ ਸੁਫ਼ਯਾਨ ਨੂੰ ਭਲਾਈ ਇਸੇ ਵਿੱਚ ਨਜ਼ਰ ਆਈ ਕਿ ਉਹ ਛੇਤੀ ਤੋਂ ਛੇਤੀ ਆਪਣੇ ਲਸ਼ਕਰ ਨੂੰ ਲੈ ਕੇ ਮੱਕੇ ਪਹੁੰਚ ਜਾਵੇ। ਅਬੂ ਸੁਫ਼ਯਾਨ ਦੇ ਪਰਤ ਜਾਣ ਦੀ ਖ਼ਬਰ ਦੇ ਬਾਦ ਆਂਹਜ਼ੂਰ ਸੱਲਲਾਹੁ ਅਲੈਹਿ ਵਸੱਲਮ ਤਿੰਨ ਦਿਨ ਉੱਥੇ ਰੁਕੇ ਰਹੇ ਅਤੇ ਫ਼ਿਰ ਆਪ ਸੱਲਲਾਹੁ ਅਲੈਹਿ ਵਸੱਲਮ ਮਦੀਨਾ ਪਰਤ ਆਏ। ਇੱਕ ਸਾਖੀ ਵਿੱਚ ਹੈ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਪੰਜ ਦਿਨ ਮਦੀਨਾ ਤੋਂ ਬਾਹਰ ਰਹੇ।

ਹਜ਼ਰਤ ਅਬੂ ਉਬੈਦਾ ਰਜ਼ੀ ਅੱਲਾਹ ਅੰਨਹੁ ਕਹਿੰਦੇ ਹਨ ਕਿ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ ਨੇ ਮਦੀਨਾ ਵਾਪਸ ਆਉਣ ਤੋਂ ਪਹਿਲਾਂ ਮੁਆਵਿਆ ਬਿਨ ਮੁਗ਼ੈਰਾ ਨੂੰ ਫ਼ੜ੍ਹ ਲਿਆ ਸੀ। ਇਹ ਛੁੱਪ ਕੇ ਮਦੀਨਾ ਵਿੱਚ ਰਹਿ ਰਿਹਾ ਸੀ ਅਤੇ ਮਦੀਨਾ ਦੀਆਂ ਖ਼ਬਰਾਂ ਵਿਰੋਧੀਆਂ ਨੂੰ ਦਿੰਦਾ ਸੀ। ਜੱਦ ਇਹ ਫ਼ੜ੍ਹਿਆ ਗਿਆ ਤਾਂ ਉਸ ਨੇ ਹਜ਼ਰਤ ਉਸਮਾਨ ਰਜ਼ੀ ਅੱਲਾਹ ਅੰਨਹੁ ਤੋਂ ਅਮਾਨ ਮੰਗੀ। ਆਪ ਰਜ਼ੀ ਅੱਲਾਹ ਅੰਨਹੁ ਦੀ ਬਿਨਤੀ ਉੱਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਉਸ ਨੂੰ ਅਮਾਨ ਦਿੰਦੇ ਹੋਏ ਫ਼ਰਮਾਇਆ ਕਿ ਇਹ ਤਿੰਨ ਦਿਨ ਦੇ ਅੰਦਰ ਇੱਥੋਂ ਚਲਾ ਜਾਵੇ। ਜੇਕਰ ਤਿੰਨ ਦਿਨ ਦੇ ਬਾਦ ਵੇਖਿਆ ਗਿਆ ਤਾਂ ਕਤਲ ਕਰ ਦਿੱਤਾ ਜਾਵੇਗਾ। ਪਰ ਇਹ ਤਿੰਨ ਦਿਨ ਦੇ ਬਾਦ ਵੀ ਉੱਥੇ ਲੁੱਕਿਆ ਰਿਹਾ ਤਾਂ ਰਸੂਲੁੱਲਾਹ ਸੱਲਲਾਹੁ ਅਲੈਹਿ ਵਸੱਲਮ, ਹਜ਼ਰਤ ਜ਼ੈਦ ਬਿਨ ਹਾਰਿਸ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਅੱਮਾਰ ਬਿਨ ਯਾਸਿਰ ਰਜ਼ੀ ਅੱਲਾਹ ਅੰਨਹੁ ਨੂੰ ਫ਼ਰਮਾਇਆ ਕਿ ਤੁਹਾਨੂੰ ਉਹ ਉੱਥੇ ਮਿਲਣਾ। ਸੋ, ਉਹਨਾਂ ਨੇ ਉਸ ਨੂੰ ਉੱਥੇ ਹੀ ਪਾਇਆ ਅਤੇ ਕਤਲ ਕਰ ਦਿੱਤਾ।

ਹਮਰਾਉੱਲ ਅਸਦ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਮੁਸ਼ਰਿਕਾਂ ਦੇ ਸ਼ਾਇਰ ਅਬੂ ਅੱਜ਼ਹ ਨੂੰ ਵੀ ਫ਼ੜ੍ਹ ਲਿਆ ਸੀ। ਇਸ ਤੋਂ ਪਹਿਲਾਂ ਉਹ ਜੰਗੇ ਬਦਰ ਵਿੱਚ ਮੁਸਲਮਾਨਾਂ ਦੇ ਹੱਥੋਂ ਫ਼ੜ੍ਹਿਆ ਗਿਆ ਸੀ ਅਤੇ ਆਪਣੀ ਕੁੜ੍ਹੀਆਂ ਦਾ ਵਾਸਤਾ ਦੇ ਕੇ ਆਪ ਸੱਲਲਾਹੁ ਅਲੈਹਿ ਵਸੱਲਮ ਤੋਂ ਰਹਿਮ ਦੀ ਬਿਨਤੀ ਕੀਤੀ ਸੀ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਉਸ ਨੂੰ ਬਿਨਾਂ ਫ਼ਿਦਯਾ ਦੇ ਛੱਡ ਦਿੱਤਾ ਸੀ ਅਤੇ ਉਸ ਤੋਂ ਇਹ ਵਚਨ ਲਿਆ ਸੀ ਕਿ ਅੱਗੇ ਤੋਂ ਉਹ ਨ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਖ਼ਿਲਾਫ਼ ਜੰਗ ਲਈ ਆਵੇਗਾ, ਨ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਖ਼ਿਲਾਫ਼ ਲਸ਼ਕਰ ਜਮ੍ਹਾਂ ਕਰੇਗਾ ਅਤੇ ਨ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਖ਼ਿਲਾਫ਼ ਕਿਸੇ ਨੂੰ ਉਤਸ਼ਾਹਿਤ ਕਰੇਗਾ ਪਰ ਉਹ ਆਪਣੇ ਵਚਨ ਉੱਤੇ ਪਹਿਰਾ ਨਹੀਂ ਦੇ ਸਕਿਆ ਅਤੇ ਜੰਗੇ ਓਹਦ ਵਿੱਚ ਕੁਰੈਸ਼ ਦੇ ਨਾਲ ਪਰਤ ਆਇਆ ਅਤੇ ਆਪਣੀ ਕਾਵਿ ਪੰਕਤੀਆਂ ਰਾਹੀਂ ਉਹਨਾਂ ਨੂੰ ਭੜਕਾਉਂਦਾ ਰਿਹਾ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਦੁਆ ਫ਼ਰਮਾਈ ਕਿ ਇਹ ਵਿਅਕਤੀ ਇਸ ਵਾਰ ਬੱਚ ਨ ਸਕੇ। ਸੋ, ਇਹ ਮੁੜ੍ਹ ਫ਼ੜ੍ਹਿਆ ਗਿਆ। ਉਸ ਨੇ ਫ਼ਿਰ ਆਪ ਸੱਲਲਾਹੁ ਅਲੈਹਿ ਵਸੱਲਮ ਤੋਂ ਆਜ਼ਾਦੀ ਲਈ ਵਾਸਤੇ ਦਿੱਤੇ। ਪਰ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਆਦੇਸ਼ ਦਿੱਤਾ ਕਿ ਇਸ ਦੀ ਗਰਦਨ ਮਾਰ ਦਿਓ। ਫ਼ਿਰ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਮੋਮਿਨ ਇੱਕ ਸੁਰਾਖ਼ ਤੋਂ ਦੋ ਵਾਰ ਨਹੀਂ ਡੱਸਿਆ ਜਾ ਸਕਦਾ। ਬਾਕੀ ਇਸ਼ਾ-ਅੱਲਾਹ ਅੱਗੇ ਬਿਆਨ ਹੋਵੇਗਾ।

ਇਸ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਦੁਨੀਆਂ ਦੇ ਹਾਲਾਤ ਲਈ ਦੁਆਵਾਂ ਜਾਰੀ ਰੱਖੋ। ਰੱਬ ਹਰ ਅਹਮਦੀ ਨੂੰ ਹਰ ਕਿਸਮ ਦੇ ਫ਼ਸਾਦ ਤੋਂ ਬਚਾਏ। ਆਮੀਨ

ਹਜ਼ੂਰੇ ਅਨਵਰ ਨੇ ਅੰਤ ਵਿੱਚ ਫ਼ਰਾਜ਼ ਅਹਮਦ ਤਾਹਿਰ ਸਾਹਿਬ ਸ਼ਹੀਦ ਆਫ਼ ਰਬਵਹ, ਜਿੰਨ੍ਹਾਂ ਨੂੰ ਅਸਟ੍ਰੈਲੀਆ ਦੇ ਇੱਕ ਸ਼ਾਪਿੰਗ ਸੈਂਟਰ ਵਿੱਚ ਇੱਕ ਆਸਟ੍ਰੈਲੀਅਨ ਵਿਅਕਤੀ ਨੇ ਚਾਕੂ ਮਾਰ ਕੇ ਸ਼ਹੀਦ ਕਰ ਦਿੱਤਾ ਸੀ, ਦਾ ਜ਼ਿਕਰ ਫ਼ਰਮਾਇਆ ਅਤੇ ਉਹਨਾਂ ਦੇ ਗੁਣ ਬਿਆਨ ਫ਼ਰਮਾਏ ਅਤੇ ਦੁਆ ਕੀਤੀ ਕਿ ਰੱਬ ਸ਼ਹੀਦ ਦੇ ਦਰਜਾਤ ਬੁਲੰਦ ਕਰੇ। ਸਾਰੇ ਰਿਸ਼ਤੇਦਾਰਾਂ ਨੂੰ ਵੀ ਸਬਰ ਸੰਤੋਖ ਹੌਂਸਲਾ ਬਖ਼ਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَكَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ أَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَكُمُ اللّٰہُ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْكَرِ وَالْبَغْیِ یَعِظُكُمْ لَعَلَّكُمْ تَذَكَّرُوْنَ اُذْكُرُوا اللّٰہَ یَذْكُرْكُمْ وَادْعُوْہُ یَسْتَجِبْ لَكُمْ وَلَذِكْرُ اللّٰہِ اَكْبَرُ۔